## ਭਗਤ ਕਬੀਰ – ਸਬਦ ੧

### ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥

### ਰਾਗੁ ਸਿਰੀਰਾਗੁ, ਭਗਤ ਕਬੀਰ, ਗੁਰੂ ਗ੍ਰੰਥ ਸਾਹਿਬ, ੯੧

ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥
ਮੋਰ ਮੋਰ ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ ॥੧॥
ਐਸਾ ਤੈਂ ਜਗੁ ਭਰਮਿ ਲਾਇਆ ॥
ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥੧॥ ਰਹਾਉ ॥
ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥
ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ ॥੨॥
ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥
ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥
ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥
ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥

**ਸਾਰ:** ਕੁਦਰਤ ਦੇ ਨਿਯਮ ਅਨੁਸਾਰ, ਇਸ ਦਾ ਹਰ ਪਹਿਲੂ ਆਪਣੀ ਹੋਂਦ ਦੀ ਪੂਰਤੀ ਵੱਲ ਵਧਦਾ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਇੱਕ ਕਲੀ ਖਿੜਦੀ ਹੈ ਜਾਂ ਬੀਜ ਪੁੰਗਰਦਾ ਹੈ। ਨਤੀਜਿਆਂ ਪ੍ਰਤੀ ਅਸੰਤੁਸ਼ਟਤਾ, ਅੰਤਰਹਿਤ ਪ੍ਰੇਰਣਾ ਪ੍ਰਤੀ ਡਰ ਪੈਦਾ ਕਰ ਸਕਦੀ ਹੈ ਜੋ ਕਈਆਂ ਨੂੰ ਪੂਰਨ ਸਮਰੱਥਾ ਦਾ ਅਹਿਸਾਸ ਕਰਨ ਤੋਂ ਰੋਕਦੀ ਹੈ। ਇਹ ਸਿਧਾਂਤ ਜੀਵਨ ਦੇ ਸਭ ਪਹਿਲੂਆਂ ਤੇ ਲਾਗੂ ਹੁੰਦਾ ਹੈ, ਜਿਸ ਵਿੱਚ ਨਿੱਜੀ ਸੰਬੰਧ, ਪਦਾਰਥਿਕ ਸੰਪੱਤੀ, ਬਰਾਦਰੀਆਂ ਅਤੇ ਵਿਸ਼ਵਾਸ ਪ੍ਰਣਾਲੀ ਸ਼ਾਮਲ ਹੁੰਦੇ ਹਨ। ਮੋਹ ਤੋਂ ਉਪਰ ਉਠਣ ਨਾਲ ਸਾਨੂੰ ਜੀਵਨ ਦੇ ਵਿਭਿੰਨ ਖੇਤਰਾਂ ਵਿਚ ਉਦੇਸ਼ ਅਤੇ ਪੂਰਤੀ ਦੀ ਵਧੇਰੇ ਡੂੰਘੀ ਭਾਵਨਾ ਉਤਪੰਨ ਕਰਨ ਦੀ ਆਗਿਆ ਮਿਲਦੀ ਹੈ।

ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥
ਮਾਂ ਨੂੰ ਬੜੇ ਪਿਆਰ ਨਾਲ ਇਹ ਭਾਸਦਾ ਹੈ ਕਿ ਉਸਦਾ ਬੱਚਾ ਹਰ ਦਿਨ ਵੱਡਾ ਹੋ ਰਿਹਾ ਹੈ; ਉਹ ਨਹੀਂ ਸਮਝਦੀ ਕਿ ਉਸ ਦਾ ਜੀਵਨ ਦਿਨੋ-ਦਿਨ ਘਟਦਾ ਜਾ ਰਿਹਾ ਹੈ। ਇਹ ਮੌਤ ਪ੍ਰਤੀ ਅਗਿਆਨਤਾ ਬਾਰੇ ਝਾਤ ਪਾਉਂਦਾ ਹੈ।

ਮੋਰ ਮੋਰ ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ ॥੧॥
ਮੋਹ ਵਿੱਚ, ਮਾਂ ਆਪਣੇ ਬੱਚੇ ਨੂੰ "ਮੇਰਾ, ਮੇਰਾ" ਕਹਿ ਕੇ ਸੰਬੋਧਿਤ ਹੁੰਦੀ ਹੈ ਅਤੇ ਇਸ ਵਿਚ ਵਧੇਰੇ ਖਚਤ ਹੋਣ ਨਾਲ ਮੌਤ ਪ੍ਰਤੀ ਅਗਿਆਨਤਾ ਪੈਦਾ ਕਰਦੀ ਹੈ। ਪ੍ਰਤੀਕ ਰੂਪ ਵਿੱਚ, ਮੌਤ ਦਾ ਰਾਜਾ ਉਸਦੀ ਅਗਿਆਨਤਾ ਤੇ ਹੱਸਦਾ ਹੈ। (੧)

ਐਸਾ ਤੈਂ ਜਗੁ ਭਰਮਿ ਲਾਇਆ ॥
ਮੋਹ ਨੇ ਸਾਨੂੰ ਅਤੇ ਲੋਕਾਈ ਨੂੰ ਸੰਦੇਹ ਵਿੱਚ ਭਟਕਣ ਲਈ ਭਰਮਾਇਆ ਹੋਇਆ ਹੈ।

ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥੧॥ ਰਹਾਉ ॥
ਜਦੋਂ ਕੋਈ ਮੋਹ ਵਿੱਚ ਫਸਿਆ ਹੁੰਦਾ ਹੈ ਤਾਂ ਅਸਲੀਅਤ ਨੂੰ ਕਿਵੇਂ ਸਮਝਿਆ ਜਾ ਸਕਦਾ ਹੈ? (੧) (ਠਹਿਰਾਉ)

ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥
ਕਬੀਰ ਆਖਦੇ ਹਨ ਕਿ ਭ੍ਰਮਮਈ ਸੁਖਾਂ ਨੂੰ ਛੱਡ ਦਿਓ, ਨਹੀਂ ਤਾਂ ਅਜਿਹਾ ਮੋਹ ਯਕਨੀਨ ਤੌਰ ਤੇ ਕਿਸੇ ਦੇ ਜ਼ਮੀਰ ਦੀ ਮੌਤ ਦਾ ਕਾਰਨ ਬਣ ਜਾਵੇਗਾ।

ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ ॥੨॥
ਸਰਬ-ਵਿਆਪਕਤਾ ਦੀ ਸਦੀਵਤਾ ਬਾਰੇ ਵਿਚਾਰ ਕਰੋ। ਇਸ ਜੁਗਤ ਦੁਆਰਾ, ਪ੍ਰਾਣੀ ਜੀਵਨ ਦੀ ਅਨੰਤਤਾ ਨੂੰ ਸਮਝ ਸਕਦੇ ਹਨ ਅਤੇ ਛਲਮਈ ਸੰਸਾਰ ਨੂੰ ਪਾਰ ਕਰਨ ਦੇ ਡਰ ਨੂੰ ਜਿੱਤ ਸਕਦੇ ਹਨ ਜੋ ਬਿਖਮ ਸਾਗਰ ਨੂੰ ਪਾਰ ਕਰਨ ਦੇ ਤੁਲ ਹੈ। (੨)

ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥

ਜਿਹੜੇ ਇੱਛਾ ਅਨੁਸਾਰ ਚਿੰਤਨ ਵਿਚ ਲੱਗੇ ਹੋਏ ਹਨ ਤਾਂ ਉਹ ਸ਼ਰਧਾ ਨਾਲ ਆਪਣੇ ਆਪ ਨੂੰ ਉਸ ਨੂੰ ਸਮਰਪਿਤ ਕਰ ਦਿੰਦੋਂ ਹਨ।

ਭਰਮੁ ਭੁਲਾਵਾ ਵਿਚਹੁ ਜਾਇ ॥

ਉਨ੍ਹਾਂ ਦੇ ਸੰਦੇਹ ਅਤੇ ਭਰਮ ਅੰਦਰੋਂ ਦੂਰ ਹੁੰਦੇ ਹਨ।

ਉਪਜੈ ਸਹਜੁ ਗਿਆਨ ਮਤਿ ਜਾਗੈ ॥

ਅੰਦਰ ਸਹਿਜ ਉਤਪੰਨ ਹੁੰਦਾ ਹੈ, ਅਤੇ ਗਿਆਨ ਅਨੁਭਵੀ ਬਿਬੇਕ ਨੂੰ ਜਗਾਉਂਦਾ ਹੈ।

ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥

ਬਿਬੇਕ ਦੀ ਕ੍ਰਿਪਾ ਦੁਆਰਾ, ਕੋਈ ਸਵੈ-ਚਿੰਤਨ ਵਿੱਚ ਰੁੱਝ ਜਾਂਦਾ ਹੈ। (੩)

ਇਤੁ ਸੰਗਤਿ ਨਾਹੀ ਮਰਣਾ ॥

ਅਜਿਹੀ ਸੰਗਤ ਨਾਲ ਰੂਹਾਨੀ ਪਤਨ ਨਹੀਂ ਹੁੰਦਾ।

ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥

ਕੁਦਰਤ ਦੇ ਹੁਕਮ ਦੀ ਗੰਭੀਰਤਾ ਨੂੰ ਪਛਾਣ ਕੇ, ਅੰਦਰ ਵੱਸਦੇ ਸਰਬ-ਵਿਆਪਕ ਸਾਥੀ ਨੂੰ ਮਿਲਿਆ ਜਾ ਸਕਦਾ ਹੈ। (੧)(ਠਹਿਰਾਉ ਦੂਜਾ)

**ਤੱਤ:** ਭਗਤ ਕਬੀਰ ਫੁਰਮਾਉਂਦੇ ਹਨ ਕਿ ਗਿਆਨਮਈ ਸ਼ਬਦਾਂ ਉਪਰ ਵਿਚਾਰ ਕਰਨ, ਸਵੈ-ਪੜਚੋਲ ਵਿਚ ਰੁਝਨ, ਅਤੇ ਜਾਗ੍ਰਿਤ ਰੂਹਾਂ ਦੇ ਨਾਲ ਜੁੜਣ ਨਾਲ, ਰੂਹਾਨੀ ਪਤਨ ਨੂੰ ਰੋਕਿਆ ਜਾ ਸਕਦਾ ਹੈ। ਕੁਦਰਤ ਦੇ ਹੁਕਮ ਨੂੰ ਸਮਝਣਾ, ਜੋ ਮੋਹ ਨੂੰ ਛੱਡਣ ਦੀ ਮਹਾਨਤਾ ਉਪਰ ਜ਼ੋਰ ਪਾਉਂਦਾ ਹੈ, ਇਸ ਨਾਲ ਅਸੀਂ ਆਪਣੇ ਸੱਚੇ ਸਵੈ ਅਤੇ ਅੰਦਰ ਵਸਦੀ ਚੇਤਨਾ ਨਾਲ ਇਕਸੁਰਤਾ ਪੈਦਾ ਕਰ ਸਕਦੇ ਹਾਂ।

---

**ਈਮੇਲ: onenessindiversityfoundation@gmail.com**